ਮੁਖਵਾਕ ਨੰਬਰ ੩੯ [ਆਦਿ ਅੰਗ ੫੮੩]

***ਵਡਹੰਸੁ ਮਹਲਾ ੩ ॥ ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥ ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥ ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ ॥ ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ ॥ ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ ॥ ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥ ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥ ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥ ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥ ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥ ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ ॥ ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ ॥੨॥ ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥ ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥ ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥ ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥ ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥ ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥ ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥ ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥ ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ॥ ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ॥ ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ ॥ ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥***

## ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥

ਇਹ ਅੰਮ੍ਰਿਤ ਬਚਨ ਗੁਰੂ ਅਮਰਦਾਸ ਸਤਿਗੁਰੂ ਜੀ ਦਾ ਵਡਹੰਸ ਰਾਗੁ ਵਿੱਚ ਉਚਾਰਨ ਕੀਤਾ ਹੋਇਆ ਹੈ। ਜਿਸ ਵਿੱਚ ਜਗਿਆਸੂ ਨੂੰ ਇਸਤ੍ਰੀ ਰੂਪ ਕਰਕੇ ਅਤੇ ਵਾਹਿਗੁਰੂ ਪ੍ਰਮੇਸ਼ਰ ਨੂੰ ਪਤੀ ਮੰਨਕੇ ਆਤਮਿਕ ਵਿਚਾਰ ਦਾ ਵਰਨਣ ਕੀਤਾ ਹੋਇਆ ਹੈ। ਜਿਸ ਵਿੱਚ ਰੂਪਕ ਅਲੰਕਾਰ ਦੁਆਰਾ ਗੁਰੂ ਜੀ ਐਸਾ ਫੁਰਮਾਉਂਦੇ ਹਨ ਕਿ ਹੇ ਕੰਤ=ਵਾਹਿਗੁਰੂ ਪਤੀ ਦੀ ਇੱਛਾ ਵਾਲੀ ਜਗਿਆਸੂ ਰੂਪ ਮਹੇਲੀਹੋ=ਇਸਤ੍ਰੀਓ [ਇਹ ਪਦ ਸੰਸਕ੍ਰਿਤ ਦਾ ਹੈ। ਹਿੰਦੀ ਵਿੱਚ ਇਸੇ ਦਾ ਰੂਪ ਮਹਿਲਾ ਹੈ। ਇਸੇ ਨੂੰ ਗੁਰਬਾਣੀ ਵਿੱਚ ਮਹੇਲੀ ਕਿਹਾ ਹੈ।] ਤੁਸੀਂ ਸੁਨਣਾ ਕਰੋ ਅਤੇ ਸਬਦਿ=ਉਪਦੇਸ਼ ਨੂੰ ਵੀਚਾਰਿ=ਵਾਚ ਕੇ ਉਸ ਤੇ ਅਮਲ ਕਰੋ ਤੇ ਪਿਰੁ=ਵਾਹਿਗੁਰੂ ਪਤੀ ਨੂੰ ਸੇਵਿਹੁ=ਸੇਵਣਾ ਕਰੋ।

## ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥

ਵੰਤੀ ਦਾ ਅਰਥ ਹੈ ਵਾਲੀ ਭਾਵ ਅਵਗਣ=ਔਗੁਣਾ=ਗੁਨਾਹਾਂ ਦੀ ਭਰੀ ਹੋਈ ਨੂੰ ਅਵਗਣਵੰਤੀ ਕਿਹਾ ਹੈ। ਜੋ ਜਗਿਆਸੂ ਰੂਪ ਇਸਤ੍ਰੀ ਕਾਮ ਕ੍ਰੋਧ ਆਦਿ ਔਗਣਾਂ ਨਾਲ ਭਰੀ ਹੋਈ ਹੈ, ਉਹ ਪਤੀ ਪ੍ਰਮਾਤਮਾ ਦੇ ਆਨੰਦ ਨੂੰ ਨਹੀਂ ਜਾਣਦੀ, ਮਾਇਆ ਦੀ ਮੁਠੀ=ਲੁੱਟੀ ਹੋਈ ਪਤੀ ਵਾਹਿਗੁਰੂ ਨੂੰ ਭੁਲਾ ਕੇ ਰੋਵੈ=ਰੁਦਨ ਭਾਵ ਰੋਣਾ ਕਰਦੀ ਹੈ। ਵਾ :—ਪਰਮੇਸ਼ਰ ਦੇ ਅਭੇਦ ਨਿਸ਼ਚੇ ਰੂਪ ਆਨੰਦ ਨੂੰ ਨਹੀਂ ਜਾਣਦੀ। ਉਹ ਤਾਂ ਔਗਣਾਂ ਦੀ ਲੁੱਟੀ ਪ੍ਰਮੇਸ਼ਰ ਨੂੰ ਭੁਲਾ ਕੇ ਰੋਂਦੀ ਹੈ।

PDF created with pdfFactory Pro trial version www.pdffactory.com

## ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ ॥

ਜੋ ਪਿਰੁ=ਪਤੀ ਪ੍ਰਮਾਤਮਾ ਨਾ ਮਰਦਾ ਅਤੇ ਨਾ ਜੰਮਦਾ ਹੈ, ਉਸ ਕੰਤ=ਪਤੀ ਦੇ ਗੁਣਾਂ ਨੂੰ ਸਮਾਲਿ=ਯਾਦ ਸਾਰਿ=ਕਰਕੇ ਸਦਾ ਹੀ ਵੈਰਾਗ ਵਿੱਚ ਰੋਂਦੀ ਹੈ।

## ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ ॥

ਜਿਨ੍ਹਾਂ ਗੁਰਮੁਖਾਂ ਨੇ ਸਬਦਿ=ਉਪਦੇਸ਼ ਨੂੰ ਪਛਾਨਿਆ ਹੈ ਉਹਨਾਂ ਗੁਰਮੁਖਾਂ ਨੇ ਹੀ ਪ੍ਰਮੇਸ਼ਰ ਨੂੰ ਜਾਨਣਾ ਕੀਤਾ ਹੈ ਅਤੇ ਸਚੇ ਦੇ ਪ੍ਰੇਮ ਵਿੱਚ ਉਹ ਸਮਾਏ ਰਹਿੰਦੇ ਹਨ।

## ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ ॥

ਜਿਨ੍ਹਾਂ ਨੇ ਆਪਣੇ ਕਰਮ ਫਲਬਰ ਦਾਤੇ ਪਿਰੁ=ਪਤੀ ਪ੍ਰਮਾਤਮਾ ਨੂੰ ਨਹੀਂ ਜਾਣਿਆ ਉਹ ਕੂੜਿ=ਝੂਠ ਦੀ ਪ੍ਰਾਪਤੀ ਵਾਲੇ ਝੂਠੇ ਦੇਵੀ ਦੇਵਤਿਆਂ ਵਿਚ ਲੱਗੇ ਹੋਏ ਲੁਟੇ ਗਏ।

## ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥

ਹੇ ਕੰਤ=ਵਾਹਿਗੁਰੂ ਪਤੀ ਦੀ ਇਛਾ ਵਾਲੀ ਜਗਿਆਸੂ ਰੂਪ ਮਹੇਲੀਹੋ=ਇਸਤ੍ਰੀਓ ਤੁਸੀਂ ਸਬਦਿ=ਉਪਦੇਸ਼ ਨੂੰ ਸੁਨਣਾ ਕਰੋ ਅਤੇ ਸਬਦਿ=ਉਪਦੇਸ਼ ਨੂੰ ਵੀਚਾਰੇ=ਵਾਚ ਕੇ ਉਸ ਤੇ ਅਮਲ ਕਰੋ ਤੇ ਪਿਰੁ=ਵਾਹਿਗੁਰੂ ਪਤੀ ਨੂੰ ਸੇਵਿਹੁ=ਸੇਵਣਾ ਕਰੋ।

## ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥

ਜੋ ਆਵਣੁ-ਜਾਣੁ=ਜੰਮਣ-ਮਰਨ ਵਾਲਾ ਸੰਸਾਰ ਹੈ। ਇਹ ਸਭੁ=ਸਾਰਾ ਜਗਤ ਵਾਹਿਗੁਰੂ ਨੇ ਆਪ ਹੀ ਉਪਾਇਓਨੁ=ਪੈਦਾ ਕੀਤਾ ਹੈ।

## ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥

ਮਾਇਆ ਦੇ ਮੋਹੁ ਨੇ ਜੀਵਾਂ ਨੂੰ ਖੁਆਇਅਨੁ=ਭੁਲਾ ਦਿੱਤਾ ਹੈ, ਇਸ ਲਈ ਵਾਰੋ ਵਾਰਾ=ਮੁੜ-ਮੁੜ ਕੇ ਜੀਵ ਜੰਮਦਾ ਤੇ ਮਰਦਾ ਹੈ।

## ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥

ਵਾਰੋ ਵਾਰਾ=ਮੁੜ ਮੁੜ ਕੇ ਜੰਮਦਾ ਮਰਦਾ ਹੈ ਅਤੇ ਕਈ ਤਰ੍ਹਾਂ ਦੇ ਵਿਕਾਰ ਵਧਦੇ ਹਨ। ਸਰੂਪ ਗਿਆਨ ਤੋਂ ਰਹਿਤ ਹੋਣ ਕਰਕੇ ਜੀਵ ਰੂਪ ਇਸਤ੍ਰੀ ਮੂਠੀ=ਲੁੱਟੀ ਗਈ।

## ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥

ਸਬਦੈ=ਗੁਰ ਉਪਦੇਸ਼ ਤੋਂ ਬਿਨਾਂ ਅੱਜ ਤੱਕ ਪਿਰੁ=ਪਤੀ ਪ੍ਰਮਾਤਮਾ ਨੂੰ ਕਿਸੇ ਨੇ ਭੀ ਨਹੀਂ ਪਾਇਆ, ਗੁਰ ਉਪਦੇਸ਼ ਤੋਂ ਹੀਣਿਆਂ ਨੇ ਮਨੁੱਖਾ ਜਨਮ ਨਿਸਫਲ ਗਵਾ ਦਿੱਤਾ ਹੈ। ਜੀਵ ਰੂਪ ਜੂਠੀ ਇਸਤ੍ਰੀ ਅਵਗੁਣਿਆਰੀ= ਔਗੁਣਾਂ ਵਾਲੀ ਹੋ ਕੇ ਰੋਂਦੀ ਹੈ।

PDF created with pdfFactory Pro trial version www.pdffactory.com

## ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ ॥

ਪਿਰੁ=ਪਤੀ ਪ੍ਰਮੇਸ਼ਰ ਤਾਂ ਜਗ ਦਾ ਜੀਵਨ ਰੂਪ ਹੈ ਫਿਰ ਰੋਈਏ ਕਿਸ ਨੂੰ, ਜੋ ਰੋਂਦੇ ਹਨ ਉਹ ਕੰਤੁ=ਪਤੀ ਪਰਮੇਸ਼ਰ ਨੂੰ ਭੁਲਾ ਕੇ ਹੀ ਰੋਂਦੇ ਹਨ।

## ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ ॥੨॥

ਜੋ ਆਵਣੁ ਜਾਣੁ=ਜੰਮਣ ਮਰਣ ਵਾਲਾ ਸੰਸਾਰ ਹੈ ਇਹ ਸਭੁ=ਸਾਰਾ ਜਗਤ ਵਾਹਿਗੁਰੂ ਨੇ ਆਪ ਹੀ ਉਪਾਇਓਨੁ=ਪੈਦਾ ਕੀਤਾ ਹੈ।

## ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥

ਸੋ ਉਹ ਪਿਰੁ=ਪਤੀ ਪ੍ਰਮਾਤਮਾ ਪਿਛੇ ਭੀ ਸੱਚ ਸਰੂਪ ਸੀ ਹੁਣ ਭੀ ਸੱਚ ਸਰੂਪ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸਦਾ ਹੀ ਸੱਚ ਸਰੂਪ ਰਹੇਗਾ। ਨਾ ਉਹ ਮਰੈ=ਮਰਦਾ ਹੈ ਨਾ ਹੀ ਜਾਏ=ਜੰਮਦਾ ਹੈ।

## ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥

ਜੋ ਸ਼ਾਸ਼ਤਰ ਸੰਸਕਾਰ ਰਹਿਤ ਜਗਿਆਸੂ ਰੂਪ ਇਆਣੀਆਂ=ਅਨਜਾਣ, ਧਨ=ਇਸਤ੍ਰੀਆਂ ਹਨ ਉਹ ਦੂਜੈ ਭਾਇ=ਦਵੈਤ ਭਾਵ ਕਰਕੇ ਨਾਸਤਕ ਬਣ ਬੈਠਦੀਆਂ ਹਨ ਕਿ ਪਰਮੇਸ਼ਰ ਹੈ ਹੀ ਨਹੀਂ।

ਯਥਾ— **੧. ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ॥** [ਸਿਰੀਰਾਗੁ ਮਃ ੧, ਅੰਗ ੬੦]

**੨. ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ॥** [ਸਿਰੀਰਾਗੁ ਮਃ ੧, ਅੰਗ ੬੦]

**੩. ਭੂਲੀ ਡੂੰਗਰਿ ਥਲਿ ਚੜੈ, ਭਰਮੈ ਮਨੁ ਡੋਲਾਇ॥** [ਸਿਰੀਰਾਗੁ ਮਃ ੧, ਅੰਗ ੬੦]

## ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ॥

ਦੂਜੈ ਭਾਏ=ਦਵੈਤ ਭਾਵਨਾ ਵਿੱਚ ਜੀਵ ਰੂਪ ਇਸਤ੍ਰੀ, ਪਤੀ ਪ੍ਰਮਾਤਮਾ ਵਲੋਂ ਰੰਡ=ਰੰਡੀ ਭਾਵ ਨਾਸਤਕ ਹੋ ਬੈਠਦੀ ਹੈ, ਮਾਇਆ ਦੇ ਮੋਹ ਵਿੱਚ ਲਗ ਕੇ ਹਮੇਸ਼ਾਂ ਦੁਖ ਪਾਉਂਦੀ ਹੈ ਅਤੇ ਆਵ=ਉਮਰ ਬਿਅਰਥ ਘਟਦੀ ਜਾਂਦੀ ਹੈ ਅਤੇ ਤਨੁ ਛੀਜੈ=ਸ਼ਰੀਰ ਭਾਵ ਕਮਜ਼ੋਰ ਹੁੰਦਾ ਜਾ ਰਿਹਾ ਹੈ।

ਯਥਾ— **੧. ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥** [ਧਨਾਸਰੀ ਕਬੀਰ ਜੀ, ਅੰਗ ੬੯੨]

**੨. ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ॥** [ਆਸਾ ਕਬੀਰ ਜੀ, ਅੰਗ ੪੮੨]

## ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥

ਜੋ ਕੁਝ ਵੀ ਸੰਸਾਰ ਵਿੱਚ ਆਇਆ=ਪੈਦਾ ਹੋਇਆ ਹੈ ਭਾਵ ਜਨਮਿਆ ਹੈ ਉਹ ਸਭੁ ਕਿਛੁ=ਸਭ ਕੋਈ ਜਾਸੀ=ਚਲੇ ਜਾਣ ਭਾਵ ਮਰਨ ਵਾਲਾ ਹੈ, ਭਾਇ ਦੂਜੈ=ਦਵੈਤ ਭਾਵਨਾ ਵਾਲਿਆਂ ਨੂੰ ਹੀ ਜਨਮ ਮਰਣ ਵਾ ਜਮਾਂ ਦਾ ਦੁਖ ਲਗਦਾ ਹੈ।

## ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥

ਕਾਲੁ=ਅੰਤ ਕਰਨ ਵਾਲਾ ਜਮ ਸੂਝੈ=ਦਿਸਦਾ ਹੀ ਨਹੀਂ ਇਹ ਜਗੁ=ਜੀਵ ਮਾਇਆ ਵਾਸਤੇ ਲੂਝੈ=ਝਗੜਦਾ ਹੈ, ਲਬਿ=ਪਦਾਰਥਾਂ ਦੇ ਖਾਣ ਅਤੇ ਲੋਭਿ=ਪਦਾਰਥਾਂ ਦੇ ਜੋੜਨ ਵਿੱਚ ਚਿਤੁ ਲਾਏ=ਮਨ ਲਾਇਆ ਹੈ।

PDF created with pdfFactory Pro trial version www.pdffactory.com

## ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥

ਉਹ ਪਿਰੁ=ਪਤੀ ਪ੍ਰਮਾਤਮਾ ਪਿਛੇ ਵੀ ਸਚ ਸਰੂਪ ਸੀ, ਹੁਣ ਵੀ ਸਚ ਸਰੂਪ ਹੈ ਅਤੇ ਅੱਗੇ ਆਉਣ ਵਾਲੇ ਸਮੇਂ ਵਿੱਚ ਵੀ ਸਦਾ ਹੀ ਸਚ ਸਰੂਪ ਰਹੇਗਾ, ਨਾ ਹੀ ਮਰੈ=ਮਰਦਾ ਹੈ ਨਾ ਹੀ ਜਾਇ=ਜੰਮਦਾ ਹੈ।

## ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥

ਇਕ ਪਿਰਹਿ=ਪਤੀ ਪ੍ਰਮਾਤਮਾ ਤੋਂ ਵਿਛੁੰਨੀਆ=ਵਿਛੜੀਆਂ ਹੋਈਆਂ ਜਗਿਆਸੂ ਰੂਪ ਇਸਤ੍ਰੀਆਂ ਰੋਵਹਿ=ਰੋਂਦੀਆਂ ਹਨ ਤੇ ਅੰਧੀ=ਵੈਰਾਗ-ਬਿਬੇਕ ਦੇ ਨੇਤਰਾਂ ਤੋਂ ਅੰਨੀਆਂ ਅਗਿਆਨਤਾ ਕਰਕੇ ਨਹੀਂ ਜਾਣਦੀਆਂ ਕਿ ਪਿਰੁ=ਪਤੀ ਪ੍ਰਮੇਸ਼ਰ ਨਾਲ ਹੀ ਹੈ।

ਯਥਾ— **੧. ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥** [ਰਾਮਕਲੀ ਮਃ ੧, ਅੰਗ ੯੩੦]

**੨. ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥** [ਸੋਰਠਿ ਮਃ ੫, ਅੰਗ ੬੨੪]

## ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥

ਗੁਰਾਂ ਦੀ ਪਰਸਾਦੀ=ਕਿਰਪਾ ਦੇ ਨਾਲ ਆਪਣੇ ਹਿਰਦੇ ਵਿਚ ਹਮੇਸ਼ਾਂ ਵਾਹਿਗੁਰੂ ਨੂੰ ਸਮਾਲੇ=ਯਾਦ ਕਰੇ। ਇਸ ਦਾ ਫਲ ਇਹ ਹੋਵੇਗਾ ਕਿ ਪਿਰੁ=ਸੱਚਾ ਪਤੀ ਪ੍ਰਮਾਤਮਾ ਅੰਤਰਿ=ਅੰਦਰੋਂ ਹੀ ਮਿਲੈ=ਮਿਲ ਜਾਵੇਗਾ। ਭਾਵ ਪਤੀ ਪ੍ਰਮਾਤਮਾ ਅੰਦਰੋਂ ਹੀ ਮਿਲ ਜਾਵੇਗਾ।

## ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ॥

ਪਿਰੁ=ਪਤੀ ਪ੍ਰਮਾਤਮਾ ਸਦਾ ਨਾਲ ਰਹਿੰਦਾ ਹੈ ਗੁਰਮੁਖਾਂ ਨੇ ਅੰਦਰੋਂ ਹੀ ਸਮਾਲੇ=ਡਿੱਠਾ ਹੈ। ਗਿਆਨ ਨੇਤਰਾਂ ਦੁਆਰਾ ਨਾਲ ਹੀ ਰਹਿੰਦਾ ਪ੍ਰਤੀਤ ਕੀਤਾ ਹੈ। ਪ੍ਰੰਤੂ ਇਸ ਤੋਂ ਉਲਟ ਮਨਮੁਖਾਂ ਨੇ ਵਾਹਿਗੁਰੂ ਨੂੰ ਦੂਰੇ=ਦੂਰ ਭਾਵ ਵਿੱਥ ਨਾਲ ਜਾਤਾ=ਜਾਣਿਆ ਹੈ।

## ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ॥

ਜਿਨ੍ਹਾਂ ਦਾ ਤਨੁ=ਸਰੀਰ ਗੁਰਾਂ ਦੀ ਸੇਵਾ ਕਰਨ ਦੇ ਕੰਮ ਨਹੀਂ ਆਇਆ ਵਾ ਭਜਨ ਕਰਨ ਦੇ ਕੰਮ ਨਹੀਂ ਆਇਆ, ਉਹਨਾਂ ਦਾ ਇਹ ਸਰੀਰ ਕਰਮਾਂ ਦਾ ਰੁਲਾਇਆ ਹੋਇਆ ਰੁਲੈ=ਰੁਲਦਾ ਹੈ ਅਥਵਾ ਏਥੇ ਖਾਕ ਹੋ ਕੇ ਰੁਲਦਾ ਹੈ ਤੇ ਅੱਗੇ ਜੂਨਾਂ ਵਿੱਚ ਰੁਲਾਇਆ ਜਾਂਦਾ ਹੈ। ਜਿਨ੍ਹਾਂ ਨੇ ਖਸਮੁ=ਪਤੀ ਪ੍ਰਮਾਤਮਾ ਨੂੰ ਹਦੂਰੇ=ਨੇੜੇ ਭਾਵ ਅੰਗ-ਸੰਗ ਨਹੀਂ ਜਾਣਿਆ ਉਹ ਜੋ ਵਾਹਿਗੁਰੂ ਨੂੰ ਦੂਰ ਜਾਣਕੇ ਔਗੁਣਾਂ ਵਿੱਚ ਹੀ ਪਰਵਿਰਤ ਰਹੇ ਹਨ ਉਹ ਆਪ ਵੀ ਰੁਲੇ ਅਤੇ ਆਪਣੇ ਸੰਗੀਆਂ ਨੂੰ ਵੀ ਰੁਲਾਇਆ ਹੈ।

**ਸਾਖੀ—**ਉਪਰੋਕਤ ਤੁਕ ਦੇ ਅਧਾਰ ਤੇ ਗੁਰੂ ਨਾਨਕ ਸਾਹਿਬ ਜੀ ਦੀ ਇਕ ਸਾਖੀ ਸੰਸਾਰ ਵਿੱਚ ਪ੍ਰਸਿੱਧ ਹੈ। ਜਗਤ ਗੁਰੂ ਬਾਬਾ ਇਕ ਵਾਰ ਘਣੇ ਜੰਗਲ ਵਿੱਚ ਬੈਠੇ ਸਨ। ਮਰਦਾਨੇ ਨੂੰ ਰਬਾਬ ਵਜਾਉਣ ਦਾ ਹੁਕਮ ਹੋਇਆ ਤਾਂ ਮਰਦਾਨੇ ਨੇ ਰਬਾਬ ਸੁਰ ਕਰਨ ਤੋਂ ਪਹਿਲਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਇਥੇ ਜੰਗਲ ਵਿੱਚ ਰਬਾਬ ਸੁਰ ਕੀਤੀ ਦਾ ਕੀ ਫਾਇਦਾ ਹੈ। ਇਥੇ ਕੌਣ ਹੈ ਜਿਸਨੂੰ ਕੀਰਤਨ ਸੁਣਾਉਣਾ ਹੈ। ਹਜ਼ੂਰ ਨੇ ਕਿਹਾ ਮਰਦਾਨਿਆਂ! ਜਿਸਨੂੰ ਕੀਰਤਨ ਸੁਣਾਉਣਾ ਹੈ ਉਹ ਹਰ ਥਾਂ ਮੌਜੂਦ ਹੈ। ਕੋਈ ਥਾਂ ਇਹੋ ਜਿਹੀ ਨਹੀਂ ਜਿਥੇ ਪ੍ਰਮਾਤਮਾ ਨਹੀਂ ਵਸ ਰਿਹਾ। ਕੀਰਤਨ ਰੂਹ ਦੀ ਖੁਰਾਕ ਹੈ, ਇਸ ਲਈ ਆਪਣੀ ਭੁਖ ਮਿਟਾਉਣ ਵਾਸਤੇ ਕੋਈ ਕਿਤੇ ਵੀ

PDF created with pdfFactory Pro trial version www.pdffactory.com

ਬੈਠ ਕੇ ਤ੍ਰਿਪਤੀ ਕਰ ਸਕਦਾ ਹੈ। ਤਾਂ ਮਰਦਾਨੇ ਨੇ ਰਬਾਬ ਵਜਾਇਆ ਅਤੇ ਗੁਰੂ ਬਾਬਾ ਜੀ ਨੇ ਸ਼ਬਦ ਗਾਵਿਆ। ਜਿਸਨੂੰ ਸੁਣਕੇ ਪਸ਼ੂ ਪੰਛੀ ਆਦਿ ਸਰੋਤੇ ਬਣ ਗਏ। ਗੁਰੂ ਜੀ ਜਿਥੇ ਬੈਠੇ ਸਨ। ਉਥੇ ਨੇੜੇ ਹੀ ਇੱਕ ਮਿਰਤਕ ਦੇਹ ਪਈ ਸੀ। ਜਿਸ ਦਾ ਕੋਈ ਵਾਰਸ ਨਾ ਹੋਣ ਕਾਰਨ ਮਿੱਟੀ ਘੱਟੇ ਵਿੱਚ ਰੁਲ ਰਹੀ ਸੀ। ਉਸਨੂੰ ਖਾਣ ਲਈ ਇੱਕ ਭੁਖਾ ਬਘਿਆੜ ਆ ਰਿਹਾ ਸੀ, ਪਰ ਜਦੋਂ ਉਸ ਦੇ ਕੰਨਾਂ ਵਿੱਚ ਗੁਰਬਾਣੀ ਦੀ ਧੁਨ ਗੁਰੂ ਬਾਬਾ ਜੀ ਦੀ ਰਸਨਾ ਦੁਆਰਾ ਪਈ ਉਸਨੂੰ ਆਪਣੀ ਭੁਖ ਦਾ ਚੇਤਾ ਵਿਸਰ ਗਿਆ ਅਤੇ ਸ਼ਬਦ ਵਿੱਚ ਸੁਰਤ ਜੁੜ ਗਈ। ਸ਼ਬਦ ਦੇ ਪ੍ਰਤਾਪ ਨਾਲ ਅੰਤਸ਼ਕਰਣ ਵਿੱਚ ਸੁਧਤਾ ਆ ਗਈ, ਉਸਨੂੰ ਚੰਗੇ ਅਤੇ ਮੰਦੇ ਨੂੰ ਪਰਖਣ ਵਾਲੀ ਬਿਬੇਕ ਬੁੱਧੀ ਸਤਿਗੁਰਾਂ ਤੋਂ ਪ੍ਰਾਪਤ ਹੋ ਗਈ। ਗੁਰੂ ਜੀ ਨੇ ਜਦੋਂ ਸ਼ਬਦ ਸਮਾਪਤ ਕੀਤਾ ਤਾਂ ਹਜ਼ੂਰ ਦੀ ਸਮਾਧੀ ਨਿਰਵਿਕਲਪ ਰੂਪ ਹੋ ਕੇ ਲਗ ਗਈ। ਮਰਦਾਨੇ ਨੇ ਰਬਾਬ ਰੱਖ ਦਿੱਤੀ ਤੇ ਜਦੋਂ ਸਾਹਮਣੇ ਵੇਖਿਆ ਤਾਂ ਭੁਖਾ ਬਘਿਆੜ ਨਜ਼ਰ ਆਇਆ, ਮਰਦਾਨਾ ਭੈ-ਭੀਤ ਹੁੰਦਾ ਹੈ ਪਰ ਉਸ ਵੇਲੇ ਮਰਦਾਨੇ ਨੂੰ ਕੁਝ ਹੌਂਸਲਾ ਹੋਇਆ ਜਦੋਂ ਇਹ ਬਘਿਆੜ ਮਿਰਤਕ ਦੇਹ ਵੱਲ ਨੂੰ ਉੱਠ ਕੇ ਤੁਰ ਪਿਆ। ਉਸ ਮਰੇ ਪ੍ਰਾਣੀ ਦੇ ਸਾਰੇ ਅੰਗ, ਪੈਰ, ਹੱਥ, ਮੂੰਹ, ਸਿਰ, ਛਾਤੀ ਆਦਿ ਸੁੰਘ ਕੇ, ਨਿਰਾਸ ਹੋ ਕੇ ਬੈਠ ਗਿਆ। ਸਮਾਧੀ ਖੁਲ੍ਹੀ ਤੋਂ ਮਰਦਾਨੇ ਨੇ ਇਹ ਵਾਰਤਾ ਗੁਰੂ ਜੀ ਨੂੰ ਕਹਿ ਸੁਣਾਈ ਅਤੇ ਇਸ ਦਾ ਕਾਰਨ ਪੁਛਿਆ ਤਾਂ ਸਤਿਗੁਰਾਂ ਨੇ ਉੱਤਰ ਦਿੱਤਾ, ਕਿ ਗੁਰਬਾਣੀ ਦੇ ਪ੍ਰਤਾਪ ਨਾਲ ਇਸ ਤਾਮਸੀ ਜੀਵ ਨੂੰ ਭੀ ਚੰਗੇ-ਮੰਦੇ ਦੀ ਸੋਝੀ ਹੋ ਆਈ ਹੈ। ਤ੍ਰਿਪਤੀ ਲਈ ਮਾਸ ਤਾਂ ਖਾਣਾ ਹੀ ਸੀ ਪਰ ਚੰਗਾ ਅਤੇ ਮੰਦਾ ਸੁੰਘ ਕੇ ਪਰਖਿਆ ਹੈ। ਇਹ ਮਾਸ ਖਾਣ ਯੋਗ ਨਹੀਂ ਹੈ, ਕਿਉਂਕਿ ਇਸ ਦਾ ਕੋਈ ਵੀ ਅੰਗ ਪਵਿੱਤ੍ਰ ਨਹੀਂ ਹੈ। ਪੈਰਾਂ ਦੇ ਨਾਲ ਚਲਕੇ ਸਤਸੰਗਤ ਵਾ ਤੀਰਥ ਯਾਤਰਾ ਨਹੀਂ ਕੀਤੀ, ਹੱਥਾਂ ਨਾਲ ਪੁੰਨ-ਦਾਨ ਨਹੀਂ ਕੀਤਾ, ਕੰਨਾਂ ਨਾਲ ਕਥਾ ਕੀਰਤਨ ਨਹੀਂ ਸੁਣਿਆ, ਮੁਖ ਤੋਂ ਕਦੇ ਸੱਚਾ ਨਾਮ ਨਹੀਂ ਜਪਿਆ, ਨੇਤ੍ਰਾਂ ਦੁਆਰਾ ਰੱਬ ਦੇ ਪਿਆਰਿਆਂ ਦਰਸ਼ਨ ਨਹੀਂ ਕੀਤੇ, ਹਿਰਦੇ ਵਿੱਚ ਕਦੇ ਨਾਮ ਦਾ ਅਰਾਧਨ ਨਹੀਂ ਕੀਤਾ। ਇਸ ਅਪਵਿਤ੍ਰ ਮਾਸ ਨੂੰ ਖਾਣ ਨਾਲੋਂ ਭੁੱਖ ਨਾਲ ਮਰਨਾ ਸਵੀਕਾਰ ਕੀਤਾ ਹੈ। ਫਿਰ ਇਸ ਬਘਿਆੜ ਦਾ ਗੁਰੂ ਜੀ ਨੇ ਉਧਾਰ ਕੀਤਾ ਮਰਦਾਨੇ ਨੂੰ ਆਖਿਆ ਕਿ ਨਾਮ ਸਿਮਰਨ ਤੋਂ ਬਿਨਾਂ ਜੋ ਸਰੀਰ ਸੇਵਾ ਆਦਿ ਦੇ ਕੰਮ ਨਹੀਂ ਆਇਆ ਉਹ ਪ੍ਰਮਾਤਮਾ ਦਾ ਰੁਲਾਇਆ ਹੋਇਆ ਰੁਲਦਾ ਹੀ ਚੰਗਾ ਹੈ।

## *ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ ॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਧਨ=ਜਗਿਆਸੂ ਰੂਪ ਇਸਤ੍ਰੀ ਗੁਰਾਂ ਦੀ ਮਿਲਾਈ ਹੋਈ ਪ੍ਰਮੇਸ਼ਰ ਨਾਲ ਮਿਲਦੀ ਹੈ ਜੋ ਪ੍ਰਮੇਸ਼ਰ ਨੂੰ ਸਦਾ ਅੰਦਰ ਸਮਾਲੇ=ਯਾਦ ਕਰਦੀ ਹੈ।

## *ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥*

ਇਕ ਪਿਰਹਿ=ਪਤੀ ਪ੍ਰਮਾਤਮਾ ਤੋਂ ਵਿਛੁੰਨੀਆ=ਵਿਛੜੀਆਂ ਜੀਵ ਰੂਪ ਇਸਤ੍ਰੀਆਂ ਰੋਵਹਿ=ਰੋਂਦੀਆਂ ਹਨ ਅਤੇ ਅੰਧੀ=ਵੈਰਾਗ-ਬਿਬੇਕ ਦੇ ਨੇਤਰਾਂ ਤੋਂ ਅੰਨ੍ਹੀਆਂ ਅਗਿਆਨਤਾ ਕਰਕੇ ਨਹੀਂ ਜਾਣਦੀਆਂ ਕਿ ਪਿਰੁ=ਪਤੀ ਪ੍ਰਮਾਤਮਾ ਨਾਲ ਹੀ ਭਾਵ ਅੰਗ ਸੰਗ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੪੦ [ਆਦਿ ਅੰਗ ੫੯੬]

***ਸਲੋਕੁ ਮ: ੩ ॥ ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥ ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥ ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ ॥ ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥ ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥੧॥ ਮ: ੩ ॥ ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥ ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥ ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥੨॥ ਪਉੜੀ ॥ ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥ ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥ ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ ॥ ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥ ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥***

ਵਡਹੰਸ ਦੀ ਵਾਰ ਵਿੱਚੋਂ ਆਏ ਇਸ ਪਹਿਲੇ ਮੁਖਵਾਕ ਦੇ ਅੰਦਰ, ਬਿਰਧ ਅਵਸਥਾ ਵਿੱਚ ੧੨ ਸਾਲ ਅਣਥੱਕ ਸੇਵਾ ਕਰਨ ਵਾਲੇ, ਨਿਮਰਤਾ ਦੇ ਪੁੰਜ, ਜਿਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਨੇ ਸੇਵਾ ਅਤੇ ਨਿਮਰਤਾ ਤੋਂ ਪ੍ਰਸੰਨ ਹੋ ਕੇ ਨਿਮਾਣਿਆਂ ਦੇ ਮਾਣ, ਨਿਤਾਣਿਆ ਦੇ ਤਾਣ, ਨਿਥਾਵਿਆਂ ਦੇ ਥਾਂ ਆਦਿ ੧੨ ਵਰ ਦਿੱਤੇ। ਗੁਰੂ ਅਰਜਨ ਦੇਵ ਜੀ ਨੂੰ ਬਚਪਨ ਵਿੱਚ ਹੀ ਦੋਹਿਤਾ ਬਾਣੀ ਕਾ ਬੋਹਿਥਾ ਦਾ ਵਰ ਦੇਣ ਵਾਲੇ ਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਿਤਨਾ ਵੀ ਸੰਸਾਰ ਦਾ ਆਕਾਰ ਹੈ ਭਾਵ ਜਿਤਨੇ ਵੀ ਸੰਸਾਰ ਦੇ ਅੰਦਰ ਜੀਵ ਹਨ ਉਹ ਸਾਰੇ ਭੈ ਦੇ ਅੰਦਰ ਹਨ। ਕੋਈ ਵੀ ਜੀਵ ਇਹੋ ਜਿਹਾ ਨਹੀਂ ਜਿਸਨੂੰ ਕਿਸੇ ਦਾ ਡਰ ਨਾ ਹੋਵੇ। ਹਰ ਇਕ ਜੀਵ ਡਰ ਦੇ ਅਧੀਨ ਹੈ। ਇਥੋਂ ਤੱਕ ਕਿ ਵੱਡੇ-ਵੱਡੇ ਦੇਵੀ-ਦੇਵਤੇ ਵੀ ਡਰ ਤੋਂ ਰਹਿਤ ਨਹੀਂ। ਇਸ ਧਰਤੀ ਦੇ ਅੰਦਰ ਜੰਗਲ ਵਿੱਚ ਰਹਿਣ ਵਾਲੇ ਪਸ਼ੂ ਪੰਛੀ, ਉਹਨਾਂ ਨੂੰ ਵੀ ਇਕ ਦੂਜੇ ਦਾ ਡਰ ਹੈ। ਜਿਸ ਤਰ੍ਹਾਂ ਮਿਰਗਾਂ ਨੂੰ ਸ਼ੇਰ ਦਾ ਡਰ ਹੈ। ਜੇ ਇਕ ਸ਼ੇਰ ਜੰਗਲ ਵਿੱਚੋਂ ਨਿਕਲ ਆਵੇ ਤਾਂ ਅਨੇਕਾਂ ਮਿਰਗ ਡਰ ਦੇ ਮਾਰੇ ਦੌੜ ਜਾਂਦੇ ਹਨ। ਇਹ ਨਹੀਂ ਕਿ ਸ਼ੇਰ ਜੰਗਲ ਦਾ ਬਾਦਸ਼ਾਹ ਹੋਣ ਦੇ ਨਾਤੇ ਡਰ ਤੋਂ ਰਹਿਤ ਹੈ। ਇਕ ਐਹੋ ਜਿਹਾ ਜਾਨਵਰ ਵੀ ਹੈ ਜੋ ਸ਼ੇਰ ਨੂੰ ਵੀ ਮਾਰ ਦਿੰਦਾ ਹੈ। ਜਿਸ ਬਾਰੇ ਭਗਤ ਕਬੀਰ ਜੀ ਭੈਰਉ ਰਾਗ ਦੇ ਅੰਦਰ ਫੁਰਮਾਨ ਕਰਦੇ ਹਨ :—

ਯਥਾ— **ਜਬ ਹੀ ਸਿਆਰੁ ਸਿੰਘ ਕਉ ਖਾਇ ॥ ਫੂਲਿ ਰਹੀ ਸਗਲੀ ਬਨਰਾਇ ॥**

[ਭੈਰਉ ਕਬੀਰ ਜੀ, ਅੰਗ ੧੧੬੧]

ਉਪਰੋਕਤ ਤੁਕ ਵਿੱਚ ਜੋ ਸਿਆਰ ਪਦ ਆਇਆ ਹੈ ਭਾਵੇਂ ਸਿਆਰ ਦਾ ਅਰਥ ਸਿਆਲ=ਗਿੱਦੜ ਵੀ ਹੁੰਦਾ ਹੈ, ਪਰ ਇਥੇ ਸਿਆਰ ਦਾ ਅਰਥ ਹੋਰ ਲਗੇਗਾ। **ਸਿਆਰੁ**=ਇਹ ਸੰਸਕ੍ਰਿਤ ਦਾ ਪਦ ਹੈ ਜਿਸ ਦਾ ਅਰਥ ਹੈ ਸਰਭ ਜੋ ਸ਼ੇਰ ਦਾ ਵੈਰੀ ਹੈ ਅਤੇ ਸ਼ੇਰ ਦੀ ਜਾਨ ਲੈਣ ਦੇ ਸਮਰੱਥ ਹੈ ਇਸ ਲਈ ਸ਼ੇਰ ਨੂੰ ਸਰਭ ਦਾ ਭੈ ਰਹਿੰਦਾ ਹੈ ਭਾਵੇਂ ਹਾਥੀ ਸਭ ਤੋਂ ਬਲਵਾਨ ਮੰਨਿਆ ਹੈ ਜਿਸ ਦੇ ਬਰਾਬਰ ਦੀ ਤਾਕਤ ਹੋਰ ਕਿਸੇ ਜਾਨਵਰ ਵਿੱਚ ਨਹੀ ਪਰ ਇਤਨਾ ਬਲਵਾਨ ਜਾਨਵਰ ਵੀ ਕੁੰਡੇ ਦੇ ਡਰ ਅਧੀਨ ਹੈ ਹਾਥੀ ਕੁੰਡੇ ਦੇ ਭੈ ਤੋਂ ਮੁਕਤ ਨਹੀਂ ਹਥਵਾਨ ਕੁੰਡੇ ਦੁਆਰਾ ਜਿਧਰ ਨੂੰ ਇਸ਼ਾਰਾ ਕਰਦਾ ਹੈ ਹਾਥੀ ਭੈ ਦੇ ਮਾਰੇ ਉਧਰ ਨੂੰ ਹੀ ਤੁਰਦਾ ਹੈ। ਹੁਣ ਮਨੁੱਖ ਦੀ ਗੱਲ ਲੈ ਲਈਏ ਤਾਂ ਕੋਈ ਵੀ ਮਨੁੱਖ ਭੈ ਤੋਂ ਰਹਿਤ ਨਹੀਂ ਹੈ, ਜੇ ਕੋਈ ਧਨ ਪਦਾਰਥ ਦੇ ਸਹਿਤ ਹੈ ਤਾਂ ਉਸਨੂੰ ਡਰ ਰਹਿੰਦਾ ਹੈ ਕਿ ਕਿਧਰੇ ਚੋਰੀ ਨਾ ਹੋ ਜਾਵੇ ਜਾਂ ਸਮੇਂ ਦੇ ਹਾਕਮ ਖੋਹ ਕੇ ਨਾਂ ਲੈ ਜਾਣ। ਜੇ ਕਿਸੇ ਨੂੰ ਸੁਖ ਪ੍ਰਾਪਤ ਹੋ ਜਾਵੇ ਤਾਂ ਉਸਨੂੰ ਡਰ ਰਹਿੰਦਾ ਹੈ ਕਿ ਮੈਨੂੰ ਕਿਤੇ ਦੁਖ ਨਾ ਪ੍ਰਾਪਤ ਹੋ ਜਾਵੇ। ਜੇ ਕੋਈ ਜਿਤ ਜਾਵੇ ਤਾਂ ਫਿਰ ਮਨ ਵਿੱਚ ਹਾਰ ਦਾ ਭੈ ਬਣਿਆ ਰਹਿੰਦਾ ਹੈ ਕਿ ਕਿਤੇ ਹਾਰਿਆ ਹੋਇਆ ਦੁਸ਼ਮਣ ਮੁੜ ਕੇ ਮੈਨੂੰ ਹਰਾ ਨਾ ਦੇਵੇ। ਕੋਈ ਰਾਜਾ ਬਣ

PDF created with pdfFactory Pro trial version www.pdffactory.com

ਕੇ ਭੈ ਤੋਂ ਰਹਿਤ ਨਹੀਂ ਉਸਨੂੰ ਵੀ ਭੈ ਹੁੰਦਾ ਹੈ ਕਿ ਮੇਰੇ ਤੋਂ ਕੋਈ ਬਲਵਾਨ ਰਾਜਾ ਆ ਕੇ ਮੇਰੇ ਦੇਸ਼ ਤੇ ਕਬਜ਼ਾ ਨਾ ਕਰ ਲਵੇ। ਦੂਜੇ ਪਾਸੇ ਜੋ ਸਾਧੂ ਬੈਠਾ ਤਪੱਸਿਆ ਕਰ ਰਿਹਾ ਹੈ ਉਸਨੂੰ ਭਾਵੇਂ ਕਿਸੇ ਸੰਸਾਰੀ ਮਨੁੱਖ ਜਾਂ ਕਿਸੇ ਜੀਵ-ਜੰਤੂ ਦਾ ਭੈ ਨਹੀਂ ਹੁੰਦਾ ਪਰ ਉਸਨੂੰ ਵੀ ਆਪਣੀਆਂ ਇੰਦਰੀਆਂ ਤੇ ਮਨ ਦਾ ਭੈ ਹੁੰਦਾ ਹੈ ਕਿ ਕਿਧਰੇ ਮੇਰਾ ਮਨ ਅਤੇ ਮੇਰੀਆਂ ਇੰਦਰੀਆਂ ਵਿਕਾਰਾਂ ਵੱਲ ਨਾ ਚਲੀਆਂ ਜਾਣ ਅਥਵਾ ਤਪੱਸਵੀ ਸਾਧੂਆਂ ਨੂੰ ਇੰਦ੍ਰ ਜਾਲ ਦਾ ਵੀ ਡਰ ਰਹਿੰਦਾ ਹੈ। ਇਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਰੇ ਤਿੰਨਾਂ ਲੋਕਾਂ ਸੁਰਗ, ਮਾਤ ਅਤੇ ਪਤਾਲ ਲੋਕ ਦੇ ਜੀਵ ਡਰ ਦੇ ਅਧੀਨ ਹਨ ਅਤੇ ਸਤਿਗੁਰੂ ਮਹਾਰਾਜ ਜੀ ਦਸਦੇ ਹਨ ਕਿ ਭੈ ਤੋਂ ਰਹਿਤ ਕੌਣ ਹੈ।

## ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥

ਸਾਰੇ ਸੰਸਾਰ ਦਾ ਜੋ ਆਕਾਰ ਹੈ ਭਾਵ ਜੋ ਸੰਸਾਰ ਦੇ ਤਮਾਮ ਜੀਵ ਹਨ ਉਹ ਸਾਰੇ ਭੈ ਦੇ ਵਿੱਚ ਹਨ। ਕੋਈ ਵੀ ਡਰ ਤੋਂ ਰਹਿਤ ਨਹੀਂ। ਜੇ ਹੋਰ ਕੋਈ ਵੀ ਡਰ ਨਹੀਂ ਤਾਂ ਮੌਤ ਦਾ ਡਰ ਕਿਸੇ ਨੂੰ ਬਣਿਆ ਰਹਿੰਦਾ ਹੈ। ਅਥਵਾ :— ਸਾਰਾ ਸੰਸਾਰ ਉਸ ਅਕਾਲ ਪੁਰਖ ਦੇ ਭੈ ਵਿਚ ਹੈ। ਇਥੋਂ ਤੱਕ ਕਿ ਪਉਣ, ਪਾਣੀ ਆਦਿ ਵੱਡੇ-ਵੱਡੇ ਦੇਵਤੇ ਵੀ ਪ੍ਰਮਾਤਮਾ ਦੇ ਭੈ ਵਿੱਚ ਹਨ, ਪਰ ਉਹ ਹਰਿ=ਵਾਹਿਗੁਰੂ ਭੈ ਤੋਂ ਰਹਿਤ ਹੈ ਉਸਨੂੰ ਕਿਸੇ ਦਾ ਵੀ ਭੈ ਨਹੀਂ, ਨਾ ਹੀ ਉਸ ਨੂੰ ਕਾਲ ਅਤੇ ਨਾ ਹੀ ਕਿਸੇ ਦੁਸ਼ਮਣ ਦਾ ਭੈ ਹੈ।

ਯਥਾ— **੧. ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥** [ਮਾਰੂ ਮਃ ੫, ਅੰਗ ੯੯੯]

**੨. ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥**
[ਆਸਾ ਦੀ ਵਾਰ ਸਲੋਕ ਮਃ ੧, ਅੰਗ ੪੬੪]

## ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥

ਸਤਿਗੁਰਾਂ ਦੀ ਸੇਵਾ ਵਾ ਸੇਵਿਐ=ਸਿਮਰਣ ਕਰਨ ਦੇ ਨਾਲ ਜਦੋਂ ਹਰਿ=ਵਾਹਿਗੁਰੂ ਮਨ ਵਿੱਚ ਵਸ ਜਾਵੇ ਤਾਂ ਫਿਰ ਤਿਥੈ=ਤਿਸ ਜਗ੍ਹਾ ਭਾਵ ਉਸ ਹਿਰਦੇ ਵਿੱਚ ਕਦੇ ਵੀ ਭਉ=ਡਰ ਨਹੀਂ ਹੁੰਦਾ। ਕਿਉਂਕਿ ਉਸ ਨਿਰਭਉ ਨੂੰ ਜਪਣ ਵਾਲਾ ਆਪ ਵੀ ਡਰ ਤੋਂ ਰਹਿਤ ਹੋ ਜਾਂਦਾ ਹੈ। ਫਿਰ ਉਸ ਨੂੰ ਮੌਤ ਆਦਿ ਕਿਸੇ ਦਾ ਵੀ ਡਰ ਨਹੀਂ ਲਗਦਾ ਸਗੋਂ ਉਹ ਤਾਂ ਇਹ ਕਹਿੰਦਾ ਹੈ

ਯਥਾ— **੧. ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥** [ਸਲੋਕ ਕਬੀਰ, ਅੰਗ ੧੩੬੫]

**੨. ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥**
[ਗਉੜੀ ਕਬੀਰ ਜੀ, ਅੰਗ ੩੨੭]

ਨਿਰਭਉ ਨੂੰ ਜਪੇ ਤੋਂ ਬਿਨਾਂ ਕੋਈ ਵੀ ਡਰ ਤੋਂ ਰਹਿਤ ਨਹੀਂ ਹੋ ਸਕਦਾ ਅਤੇ ਨਿਰਭਉ ਦੀ ਪ੍ਰਾਪਤੀ ਵੀ ਪ੍ਰਮਾਤਮਾ ਦਾ ਭੈ ਧਾਰਨ ਕਰਨ ਦੇ ਨਾਲ ਹੀ ਹੁੰਦੀ ਹੈ।

ਯਥਾ— **੧. ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥** [ਸਿਰੀਰਾਗੁ ਮਹਲਾ ੧, ਅੰਗ ੧੮]

**੨. ਨਿਰਭਉ ਜਪੈ ਸਗਲ ਭਉ ਮਿਟੈ ॥** [ਗਉੜੀ ਮਃ ੫, ਅੰਗ ੨੯੩]

## ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ ॥

ਜੋ ਪ੍ਰਮਾਤਮਾ ਦੇ ਨਾਮ ਨੂੰ ਜਪਕੇ ਨਿਰਭਉ ਹੋ ਗਿਆ ਹੈ ਉਸ ਨੇ ਨੇੜੇ ਪ੍ਰਤੱਖ ਵਾ ਕਾਮ ਕ੍ਰੋਧ ਰੂਪੀ ਦੁਸ਼ਮਨ ਨਹੀਂ ਆਉਂਦੇ, ਅਤੇ ਨਾ ਹੀ ਉਸ ਨੂੰ ਕੋਈ ਸੰਸਾਰੀ, ਸਰੀਰਕ ਵਾ ਜੰਮਣ ਮਰਨ ਦਾ ਦੁਖ ਪੋਹਿ=ਪੋਹ ਭਾਵ ਛੂਹ ਨਹੀਂ ਸਕਦਾ।

PDF created with pdfFactory Pro trial version www.pdffactory.com

ਯਥਾ— **੧. ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ॥**
[ਪ੍ਰਭਾਤੀ ਮਃ ੧, ਅੰਗ ੧੩੨੮]

**੨. ਅਨਦ ਸਹਜ ਰਸ ਸੂਖ ਘਨੇਰੇ॥ ਦੁਸਮਨੁ ਦੂਖੁ ਨ ਆਵੈ ਨੇਰੇ॥**
[ਪ੍ਰਭਾਤੀ ਮਃ ੫, ਅੰਗ ੧੩੪੦]

## *ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥*

ਗੁਰਮੁਖਾਂ ਨੇ ਮਨ ਵਿੱਚ ਵਿਚਾਰਿਆ ਹੈ ਕਿ ਉਸ ਪ੍ਰਮੇਸ਼ਰ ਨੂੰ ਜੋ ਭਾਉਂਦਾ ਹੈ ਉਹੀ ਹੁੰਦਾ ਹੈ, ਉਸ ਪ੍ਰਮੇਸ਼ਰ ਦੇ ਭਾਣੈ=ਭਾਣੇ ਵਾ ਹੁਕਮ ਤੋਂ ਬਿਨਾਂ ਇੱਕ ਪੱਤਾ ਵੀ ਨਹੀਂ ਹਿਲਦਾ

ਯਥਾ— **੧. ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਣੁਖ॥** [ਆਸਾ ਮਃ ੧, ਅੰਗ ੪੧੭]

**੨. ਜੋ ਤਿਸੁ ਭਾਵੈ ਸੋ ਥੀਐ ਕਹਣਾ ਕਿਛੂ ਨ ਜਾਇ॥** [ਵਾਰ ਬਿਹਾਗੜਾ ਮਃ ੫, ਅੰਗ ੫੫੪]

## *ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਮੇਸ਼ਰ ਆਪੇ ਹੀ ਆਪਣੇ ਸੇਵਕਾਂ ਦੀ ਲੋਕ-ਪਰਲੋਕ ਵਿੱਚ ਪਤਿ=ਇੱਜ਼ਤ ਰਖਦਾ ਹੈ ਅਤੇ ਜੇ ਕਈ ਪ੍ਰਮੇਸ਼ਰ ਦੇ ਦਾਸਾਂ ਨੂੰ ਕੰਮ ਪੈ ਜਾਵੇ ਵਾ : ਪ੍ਰਮੇਸ਼ਰ ਦੇ ਦਾਸਾਂ ਦਾ ਕੋਈ ਕੰਮ ਅੜ ਜਾਵੇ ਚਾਹੇ ਉਹ ਪ੍ਰਮਾਰਥੀ ਜਾਂ ਸੰਸਾਰੀ ਹੋਵੇ ਤਾਂ ਪ੍ਰੇਮਸ਼ਰ ਆਪ ਆ ਕੇ ਉਹਨਾਂ ਦੇ ਕਾਰਜ=ਕੰਮਾਂ ਨੂੰ ਆ ਕੇ ਸਵਾਰਦਾ ਹੈ।

ਯਥਾ— **੧. ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥**
[ਆਸਾ ਮਃ ੪, ਅੰਗ ੪੫੧]

**੨. ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**
[ਸੂਹੀ ਮਹਲਾ ੫, ਅੰਗ ੭੮੩]

## *ਮਃ ੩ ॥ ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥*

ਇਕ ਸਜਣ ਚਲੇ=ਚਲਣੇ ਨੂੰ ਤਿਆਰ ਹਨ ਤੇ ਇਕ ਚਲੇ ਗਏ ਹਨ ਅਤੇ ਜਿਹੜੇ ਰਹਿੰਦੇ ਹਨ ਉਹ ਭੀ ਫੁਨਿ=ਪੁਨਾ, ਫਿਰ ਅਥਵਾ ਮਗਰੋਂ ਚਲੇ ਜਾਣਗੇ।

ਯਥਾ— **ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥** [ਵਾਰ ਆਸਾ ਮਃ ੧, ਅੰਗ ੪੭੪]

## *ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥*

ਜਿਨ੍ਹਾਂ ਪੁਰਸ਼ਾਂ ਨੇ ਮਾਤ ਲੋਕ ਵਿਚ ਆ ਕੇ ਸਤਿਗੁਰੂ ਨੂੰ ਸੇਵਿਆ ਨਹੀਂ ਭਾ ਸਤਿਗੁਰੂ ਦੀ ਸੇਵਾ ਨਹੀਂ ਕੀਤੀ, ਉਹ ਸੰਸਾਰ ਵਿੱਚ ਆਉਂਦੇ ਅਤੇ ਸੰਸਾਰ ਵਿੱਚੋਂ ਜਾਂਦੇ ਹੋਏ ਪਛਤਾਉਂਦੇ ਹਨ। ਵਾ-ਉਹ ਪੁਰਸ਼ ਪਿਛਲੇ ਪੁੰਨਾਂ ਕਰਕੇ ਮਨੁੱਖਾਂ ਦੇਹ ਧਾਰ ਕੇ ਸੰਸਾਰ ਵਿੱਚ ਆਏ ਪਰ ਸਤਿਗੁਰੂ ਦੀ ਸੇਵਾ ਤੋਂ ਬਿਨਾਂ ਸੰਸਾਰ ਤੋਂ ਜਾਂਦੇ ਹੋਏ ਪਛਤਾਉਂਦੇ ਹਨ। ਕਿਉਂਕਿ ਉਹਨਾਂ ਨੂੰ ਨਰਕਾਂ ਵਿੱਚ ਜਾਣਾ ਪੈਂਦਾ ਹੈ।

## *ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਜਗਿਆਸੂ ਸਤਿਗੁਰਾਂ ਦੀ ਸੇਵਾ ਵਿਚ ਸਮਾ ਕੇ ਸੱਚੇ ਨਾਮ ਵਿੱਚ ਰਤੇ=ਤਦਾਕਾਰ ਹੋਏ ਹਨ ਉਹ ਪ੍ਰਮਾਤਮਾ ਨਾਲੋਂ ਕਦੇ ਵੀ ਵਿਛੁੜਹਿ=ਵਿਛੜਦੇ ਨਹੀਂ। ਭਾਵ ਉਹ ਪ੍ਰਮਾਤਮਾ ਦਾ ਹੀ ਰੂਪ ਹੋ ਜਾਂਦੇ ਹਨ।

PDF created with pdfFactory Pro trial version www.pdffactory.com

## ਪਉੜੀ ॥ ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥

ਉਸ ਸਤਿਗੁਰੂ ਸਜਣ ਨੂੰ ਮਿਲਣਾ ਕਰੀਏ ਜਿਸ ਗੁਰੂ ਦੇ ਅੰਦਰ ਕਾਰੀ=ਸੁੰਦਰ ਵਾ ਔਸ਼ਧੀ ਰੂਪ ਹਰੀ ਦੇ ਗੁਣ ਹਨ। ਅਥਵਾ-ਗੁਣ=ਉਪਕਾਰ ਕਾਰੀ=ਕਰਨ ਵਾਲਾ ਹਰਿ=ਵਾਹਿਗੁਰੂ ਵਸਦਾ ਹੈ

## ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥

ਉਸ ਪ੍ਰੀਤਮੈ=ਪਿਆਰੇ ਸਤਿਗੁਰਾਂ ਨਾ ਮਿਲਣਾ ਕਰੀਏ ਜਿਸ ਨੇ ਉਪਦੇਸ਼ ਦੇ ਕੇ ਸਾਡੇ ਹਰਦੇ ਵਿਚੋਂ ਹਉਮੈ ਮਾਰ ਦਿੱਤੀ ਹੈ। ਕਿਉਂਕਿ ਜਦੋਂ ਤੱਕ ਹਿਰਦੇ ਦੇ ਅੰਦਰ ਹਉਮੈ ਦਾ ਵਾਸਾ ਹੈ ਉਦੋਂ ਤੱਕ ਹਿਰਦੇ ਵਿੱਚ ਪ੍ਰਮਾਤਮਾ ਅਥਵਾ ਪ੍ਰਮਾਤਮਾ ਦਾ ਨਾਮ ਨਹੀਂ ਵਸ ਸਕਦਾ।

ਯਥਾ— **੧. ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** [ਵਡਹੰਸੁ ਮਃ ੩ ਅੰਗ ੫੬੦]

**੨. ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ** [ਮਾਰੂ ਵਾਰ ਸਲੋਕ ਮਃ ੧, ਅੰਗ ੧੦੯੨]

ਪ੍ਰਮਾਤਮਾ ਦਾ ਨਾਮ ਹਿਰਦੇ ਵਸਾਉਣ ਲਈ ਹਉਮੈ ਦਾ ਮਾਰਨਾ ਜ਼ਰੂਰੀ ਹੈ। ਜੋ ਕਿ ਗੁਰੂ ਤੋਂ ਬਿਨਾਂ ਨਾਸ ਨਹੀਂ ਹੋ ਸਕਦੀ। ਇਸ ਕਰਕੇ ਹਉਮੈ ਨੂੰ ਮਾਰਨ ਲਈ ਸਤਿਗੁਰੂ ਨਾਲ ਮਿਲਣਾ ਜ਼ਰੂਰੀ ਹੈ। ਗੁਰੂ ਸਾਹਿਬ ਸਿੱਖ ਦੇ ਹਿਰਦੇ ਵਿੱਚੋਂ ਹਉਮੈ ਦਾ ਨਾਸ ਕਰਕੇ ਅਕਾਲ ਪੁਰਖ ਵਿਚ ਅਭੇਦ ਕਰ ਦਿੰਦੇ ਹਨ।

## ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ
## ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ ॥

ਉਹ ਪੂਰੇ ਸਤਿਗੁਰੂ ਧਨੁ ਧੰਨੁ=ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਹਰਿ=ਵਾਹਿਗੁਰੂ ਨਾਮ ਦਾ ਉਪਦੇਸ਼ ਦੇ ਕੇ ਸਾਰੀ ਸ੍ਰਿਸ੍ਰਿ=ਸ੍ਰਿਸ਼ਟੀ=ਦੁਨੀਆਂ ਸਵਾਰੀ ਹੈ।

## ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥

ਹੇ ਸੰਤ ਜਨੋਂ! ਨਿਤ=ਨਿਤਾਪ੍ਰਤੀ ਰਾਮ=ਰਮੇ ਹੋਇ ਪ੍ਰਮਾਤਮਾ ਦੇ ਨਾਮ ਨੂੰ ਜਪਿਅਹੁ=ਜਪਣਾ ਕਰੋ ਜੋ ਬਿਖੁ=ਜ਼ਹਿਰ ਰੂਪ ਅਥਵਾ ਦੁਖ ਰੂਪ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ। ਕਿਉਂਕਿ ਸੰਸਾਰ ਇੱਕ ਸਮੁੰਦਰ ਦੀ ਨਿਆਈਂ ਹੈ ਜਿਸ ਬਾਰੇ ਅਨਾਥ ਕਵੀ ਜੀ ਵੀਚਾਰ ਮਾਲਾ ਵਿੱਚ ਦਸਦੇ ਹਨ।

ਯਥਾ— **ਜਗ ਸਮੁੰਦਰ ਆਸਕਤ ਜਲ ਕਾਮਾਦਿਕ ਜਲ ਜੰਤ ॥**
**ਭਰਮ ਭਵਰ ਤਾਂ ਮੈਂ ਫਿਰੈ ਦੁਖ ਸੁਖ ਲਹਰ ਅਨੰਤ ॥** [ਵਿਚਾਰ ਮਾਲਾ ਅਧਿਆਇ, ੪]

ਸੰਸਾਰ ਸਮੁੰਦਰ ਹੈ ਇਸ ਵਿੱਚ ਮੋਹ ਦਾ ਜਲ ਹੈ ਅਤੇ ਕਾਮ, ਕ੍ਰੋਧ. ਆਦਿ ਮੱਛ ਕੱਛ ਆਦਿ ਭਿਆਨਕ ਜੀਵ ਜੰਤੂ ਹਨ। ਭਰਮ ਦੀਆਂ ਭਵਰ=ਭੰਬੀਰੀਆਂ ਹਨ [ਭੰਬੀਰੀ ਉਸਨੂੰ ਕਹਿੰਦੇ ਹਨ ਕਿ ਪਾਣੀ ਇਕ ਥਾਂ ਤੇ ਹੀ ਘੁੰਮੀ ਜਾਵੇ] ਅਤੇ ਦੁਖ ਸੁਖ ਰੂਪੀ ਅਨੰਤ=ਅੰਤ ਤੋਂ ਰਹਿਤ ਲਹਿਰਾਂ ਹਨ।

ਯਥਾ— **ਚਿੰਤਾ ਬੜਵਾ ਅਗਨ ਜਿਹ ਤ੍ਰਿਸ਼ਨਾ ਪ੍ਰਬਲ ਸਮੀਰ ॥**
**ਜਹ ਜਹਾਜ ਯਾ ਮੈ ਪਰੋ ਤਿਹ ਕਿਮ ਧੀਰ ਸਰੀਰ ॥** [ਵਿਚਾਰ ਮਾਲਾ ਅਧਿਆਇ, ੪]

ਚਿੰਤਾ ਰੂਪੀ ਬੜਵਾ ਅਗਨੀ ਹੈ, ਅਤੇ ਤ੍ਰਿਸ਼ਨਾ ਰੂਪੀ ਪ੍ਰਬਲ=ਵਿਸ਼ੇਸ਼ ਬਲ ਵਾਲੀ ਸਮੀਰ=ਹਵਾ ਹੈ। ਫਿਰ ਜਿਸ ਦਾ ਬੁੱਧੀ ਰੂਪ ਜਹਾਜ਼ ਇਸ ਸਮੁੰਦਰ ਵਿੱਚ ਫਸ ਗਿਆ ਉਸ ਦਾ ਸਰੀਰ ਕਿਵੇਂ ਧੀਰਜ ਕਰੇਗਾ। ਇਸ ਸਮੁੰਦਰ ਨੂੰ ਤਾਰਨ ਵਾਲਾ ਇਕ ਰਾਮ ਦਾ ਨਾਮ ਹੈ ਜੋ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਐਸੇ ਨਾਮ ਨੂੰ ਨਿਤਾਪ੍ਰਤੀ ਜਪਣਾ ਕਰੀਏ।

PDF created with pdfFactory Pro trial version www.pdffactory.com

## ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥

ਪੂਰੇ ਗੁਰਾਂ ਨੇ ਹੀ ਹਰੀ ਦਾ ਉਪਦੇਸ਼ ਦੇਣਾ ਕੀਤਾ ਹੈ, ਨਹੀਂ ਤਾਂ ਅਧੂਰੇ ਗੁਰੂ ਹੋਰ ਦਾ ਹੋਰ ਹੀ ਉਪਦੇਸ਼ ਦਈ ਜਾਂਦੇ ਹਨ। ਕਿਉਂਕਿ ਉਹਨਾਂ ਨੂੰ ਆਪਣੀ ਦੇਹ ਦੀ ਪੂਜਾ ਕਰਾਉਣ ਦਾ ਲਾਲਚ ਹੈ, ਤੇ ਪੂਰਾ ਗੁਰੂ ਨਾਮ ਦਾ ਉਪਦੇਸ਼ ਦੇ ਕੇ ਅਕਾਲ ਪੁਰਖ ਨਾਲ ਜੋੜਦਾ ਹੈ। ਇਸ ਲਈ ਮੈਂ ਪੂਰੇ ਗੁਰਾਂ ਤੋਂ ਵਿਟੜਿਅਹੁ=ਉਪਰੋਂ ਸਦ=ਸੈਂਕੜੇ ਵਾਰ ਅਥਵਾ ਸਦਾ ਹੀ ਵਾਰੀ=ਵਾਰਨੇ-ਬਲਿਹਾਰ-ਕੁਰਬਾਨ ਜਾਂਦਾ ਹਾਂ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com